ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ**
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212322

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ

ਮੀਮੋ ਨੰ. RMSA/Plan/2018/54394 ਮਿਤੀ: 26/ 10 /2018

**ਵਿਸ਼ਾ: ਸਮੱਗਰਾ ਸਿਖਿਆ ਅਧੀਨ ਜਿਲ੍ਹਾ ਪੱਧਰ ਤੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" ਕਰਵਾਉਣ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2. ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਅਤੇ ਉਹਨਾਂ ਵਿੱਚ ਛੁੱਪੀ ਪ੍ਰਤਿਭਾ ਨੂੰ ਉਭਾਰਨ ਦੇ ਮੰਤਵ ਨਾਲ ਅਤੇ ਪਿਛਲੇ ਸਾਲਾ ਦੀ ਸਫਲਤਾ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਵੱਲੋਂ ਸਮੱਗਰਾ ਸਿਖਿਆ ਅਧੀਨ ਸਰਕਾਰੀ, ਸਰਕਾਰੀ ਏਡਿਡ, ਪ੍ਰਾਈਵੇਟ, ਲੋਕਲ ਬੋਡੀ ਅਤੇ ਕੇਂਦਰ ਸਰਕਾਰ ਦੇ ਸਕੂਲਾਂ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" ਨਾਂ ਦੀ ਗਤੀਵਿਧੀ ਅਪਰੂਵ ਕੀਤੀ ਗਈ ਹੈ ਜਿਸ ਵਿੱਚ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਵੱਖ-ਵੱਖ ਮੁਕਾਬਲਿਆਂ ਰਾਹੀਂ ਸਕੂਲ, ਜਿਲ੍ਹਾ, ਰਾਜ ਅਤੇ ਰਾਸ਼ਟਰ ਪੱਧਰ ਤੇ ਆਪਣੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨਗੇ। ਅਜਿਹਾ ਕਰਨ ਨਾਲ ਜਿੱਥੇ ਵਿਦਿਆਰਥੀਆਂ ਵਿੱਚ ਕਲਾ ਪ੍ਰਤੀ ਰੁਚੀ ਵਧੇਗੀ ਉੱਥੇ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਦੀ ਸੰਸਕ੍ਰਿਤੀ ਅਤੇ ਵਿਰਸੇ ਨੂੰ ਜਾਨਣ ਦਾ ਮੌਕਾ ਵੀ ਮਿਲੇਗਾ।

3. ਕਲਾ ਉਤਸਵ ਅਧੀਨ ਮੁਕਾਬਲੇ ਜਿਲ੍ਹਾ, ਰਾਜ ਅਤੇ ਰਾਸ਼ਟਰ ਪੱਧਰ ਤੇ ਕਰਵਾਏ ਜਾਣੇ ਹਨ। ਕਲਾ ਉਤਸਵ ਤਹਿਤ ਕਰਵਾਏ ਜਾ ਰਹੇ ਮੁਕਾਬਲਿਆਂ ਦੇ ਹੇਠ ਲਿਖੇ ਅਨੁਸਾਰ 3 ਪੱਧਰ ਹੋਣਗੇ:-

➢ ਜਿਲ੍ਹਾ ਪੱਧਰ: ਸਕੂਲਾਂ ਵਲੋਂ ਆਪਣੀਆਂ Entries ਜਿਲ੍ਹਾ ਪੱਧਰ ਤੇ ਭੇਜੀਆਂ ਜਾਣਗੀਆਂ।
➢ ਰਾਜ ਪੱਧਰ: ਜਿਲ੍ਹਾ ਪੱਧਰ ਤੇ ਚੁਣੀਆਂ ਹੋਈਆਂ ਟੀਮਾਂ ਰਾਜ ਪੱਧਰ ਤੇ ਭਾਗ ਲੈਣਗੀਆਂ।
➢ ਰਾਸ਼ਟਰ ਪੱਧਰ: ਰਾਜ ਪੱਧਰ ਤੇ ਚੁਣੀਆਂ ਹੋਈਆਂ ਟੀਮਾਂ ਰਾਸ਼ਟਰ ਪੱਧਰ ਤੇ ਭਾਗ ਲੈਣਗੀਆਂ।

4. ਕਲਾ ਉਤਸਵ ਅਧੀਨ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰੀ ਮੁਕਾਬਲੇ ਕ੍ਰਮਵਾਰ ਮਿਤੀ 5.11.2018, 13.11.2018 ਅਤੇ 12.12.18 ਤੋ 15.12.18 ਤੱਕ ਕਰਵਾਏ ਜਾਣਗੇ

5. ਜਿਲ੍ਹਾ ਪੱਧਰ ਤੇ ਕਲਾ ਉਤਸਵ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:

- ਕਲਾ ਉਤਸਵ ਵਿੱਚ ਕੇਵਲ ਸਰਕਾਰੀ, ਸਰਕਾਰੀ ਏਡਿਡ, ਪ੍ਰਾਈਵੇਟ, ਲੋਕਲ ਬੋਡੀ ਅਤੇ ਕੇਂਦਰ ਸਰਕਾਰ ਦੇ ਸਕੂਲਾਂ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਹੀ ਭਾਗ ਲੈਣਗੇ ।
- ਕਲਾ ਉਤਸਵ 2018 ਮੁਕਾਬਲੇ ਦੀ ਤਿਆਰੀ ਕਿਸੀ ਵੀ Traditional /Classical /folk /Contemperary form ਵਿਚ ਕੀਤੀ ਜਾ ਸਕਦੀ ਹੈ।
- ਕਲਾ ਉਤਸਵ ਲਈ ਚਾਰ Areas – Solo Music (Vocal), Solo Music (Instrumental), Solo Dance, Painting, ਚੁਣੇ ਗਏ ਹਨ।
- ਉਪਰੋਕਤ Areas ਵਿਚੋਂ ਹਰ ਖੇਤਰ ਲਈ ਇੱਕ ਹੀ ਐਂਟਰੀ ਹੋਵੇਗੀ।
- ਕਲਾ ਉਤਸਵ ਵਿੱਚ ਭਾਗ ਲੈਣ ਲਈ ਸਕੂਲਾਂ ਵਲੋਂ ਆਪਣੀਆਂ ਐਂਟਰੀਆਂ ਜਿਲ੍ਹਾ ਪੱਧਰ ਤੇ ਭੇਜੀਆਂ ਜਾਣਗੀਆਂ।
- ਕਲਾ ਉਤਸਵ ਦੇ ਚਾਰੋਂ ਖੇਤਰਾਂ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਵੀ ਭਾਗ ਲੈ ਸਕਦੇ ਹਨ।
- **Solo Music (Vocal):** Solo Music (Vocal) ਵਿੱਚ ਸਾਜ ਅਧਿਆਪਕ ਵੱਲੋ ਵਜਾਇਆ ਜਾ ਸਕਦਾ ਹੈ। ਪ੍ਰਤੀਯੋਗੀ ਵੱਲੋ ਟਰੈਕ ਤੇ ਜਾਂ ਫਿਰ ਆਰਕੇਸਟਰਾ ਟੀਮ ਨਾਲ ਗਾਇਆ ਜਾ ਸਕਦਾ ਹੈ।

- **Solo Music (Instrumental)**: Solo Music (Instrumental) ਵਿਚ ਪ੍ਰਤੀਯੋਗੀ ਵੱਲੋ ਤਬਲਾ,ਮ੍ਰਿਦੰਗਮ,ਸਿਤਾਰ,ਸਰੋਦ, ਬਾਂਸਰੀ,ਗਿਟਾਰ, ਵਾਈਲਨ , ਵੀਣਾ, ਸੰਤੂਰ, ਸ਼ਹਿਨਾਈ, ਆਦਿ ਵਜਾਇਆ ਜਾ ਸਕਦਾ ਹੈ।
- **Solo Dance**: ਡਾਂਸ ਲਈ ਸੰਗੀਤ recorded ਅਤੇ ਲਾਈਵ ਦੋਵੇਂ ਹੋ ਸਕਦੇ ਹਨ।ਪ੍ਰਤੀਯੋਗਿਤਾ ਕਰਵਾਉਣ ਵਾਲੇ ਵੱਲੋ ਹੀ ਤਬਲਾ, ਡੋਲ, ਡੋਲਕ, ਨਾਲ, ਹਾਰਮੋਨਿਅਮ, ਕੀਬੋਰਡ ਵਾਦਕ ਦਿੱਤਾ ਜਾਵੇਗਾ।
- **Solo Painting:** ਪੇਟਿੰਗ ਦਾ ਮਾਧਿਅਮ (Water colours, Caryans, Pencils etc.) ਹੋਵੇਗਾ।ਪ੍ਰਤੀਯੋਗੀ ਵੱਲੋ ਇਕ ਹੀ ਪੇਟਿੰਗ ਜਮ੍ਹਾ ਕਰਵਾਈ ਜਾਵੇਗੀ।
- ਕਲਾ ਉਸਤਵ ਲਈ ਵੱਖ-ਵੱਖ ਖੇਤਰਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਮਾਂ ਸੀਮਾਂ ਅਨੁਲੱਗ ੳ ਤੇ ਦਿੱਤੀ ਗਈ ਹੈ, ਵੇਖ ਲਈ ਜਾਵੇ।
- ਕਲਾ ਉਤਸਵ ਵਿੱਚ ਭਾਗ ਲੈਣ ਵਾਲੇ ਸਕੂਲਾਂ ਵੱਲੋਂ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਜਰੂਰ ਪੜ੍ਹ ਲਿਆ ਜਾਵੇ। (ਪੱਤਰ ਨੱਥੀ )

6. ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲਾ ਮਿਤੀ 05-11-2018 ਨੂੰ ਕਰਵਾਇਆ ਜਾਵੇ। ਜ਼ਿਲ੍ਹਾ ਪੱਧਰੀ ਪ੍ਰਤੀਯੋਗਿਤਾ ਲਈ 25000/- ਰੁ. ਪ੍ਰਤੀ ਜਿਲ੍ਹਾ ਦੇ ਹਿਸਾਬ ਨਾਲ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ। ਕਲਾ ਉਤਸਵ ਮੁਕਾਬਲੇ ਲਈ ਭੇਜੀ ਗਈ ਰਾਸ਼ੀ ਦੀ ਵਰਤੋ ਆਪ ਵੱਲੋਂ ਆਪਣੇ ਪੱਧਰ ਤੇ ਕਰ ਲਈ ਜਾਵੇ।

7. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਤੇ ਉਪ ਜਿਲ੍ਹਾ ਸਿਖਿਆ ਅਫਸਰ (ਸੈ:ਸਿ) ਆਪਸੀ ਤਾਲਮੇਲ ਅਤੇ ਜਿੰਮੇਵਾਰੀ ਨਾਲ ਕਲਾ ਉਤਸਵ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਨਗੇ।

8. ਜਿਲ੍ਹਾ ਪੱਧਰ ਤੇ ਹਰੇਕ ਖੇਤਰ ਵਿਚੋਂ ਪਹਿਲੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਵੱਲੋਂ ਮਿਤੀ 13.11.18 ਨੂੰ ਰਾਜ ਪੱਧਰ ਤੇ ਭਾਗ ਲਿਆ ਜਾਵੇਗਾ।

9. ਜਿਲ੍ਹਾ ਪੱਧਰੀ ਕਲਾ ਉਤਸਵ ਦੀਆਂ ਕੁੱਝ ਫੋਟੋਆਂ ਅਤੇ 4-5 ਮਿੰਟ ਦੀ ਵੀਡਿਓ ਵੀ ਤਿਆਰ ਕੀਤੀ ਜਾਵੇ। ਜਿਲ੍ਹਾ ਪੱਧਰੀ ਕਲਾ ਉਤਸਵ ਲਈ ਜਾਰੀ ਕੀਤੀ ਗਈ ਰਾਸ਼ੀ ਨੂੰ ਖਰਚਣ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ 30 ਨਵੰਬਰ 2018 ਤੱਕ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਰਨਲ ਸਕੂਲ ਸਿੱਖਿਆ**
**ਪੰਜਾਬ**

## ਅਨੁਲੱਗ ੳ

ਕਲਾ ਉਤਸਵ ਲਈ ਚੁਣੇ ਹੋਏ ਥੀਮਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਮਾਂ ਸਾਰਨੀ ਹੇਠ ਲਿਖੇ ਅਨੁਸਾਰ ਹੋਵੇਗੀ:

| ਲੜੀ ਨੰਬਰ | ਥੀਮ | ਵਿਦਿਆਰਥੀਆਂ ਦੀ ਗਿਣਤੀ | ਸਮਾਂ | ਵਿਸ਼ੇਸ਼ ਕਥਨ |
|---|---|---|---|---|
| 1 | Solo Music Vocal | 2 ਵਿਦਿਆਰਥੀ (1 ਕੁੜੀ ਅਤੇ 1 ਮੁੰਡਾ) | 4-6 ਮਿੰਟ ਪ੍ਰਦਰਸ਼ਨ ਅਤੇ ਤਕਨੀਕੀ ਸੈਟਿੰਗ ਲਈ 5 ਮਿਨਟ ਦਿੱਤੇ ਜਾਣਗੇ | Music ਦਾ ਪ੍ਰਦਰਸ਼ਨ ਕਿਸੇ ਵੀ ਬੋਲੀ ਵਿੱਚ ਹੋ ਸਕਦਾ ਹੈ। Costume, Setting, Props and properties ਪ੍ਰਦਰਸ਼ਿਤ ਕੀਤੀ ਜਾਣ ਵਾਲੀ item ਨਾਲ ਸਬੰਧਤ ਹੋਣੇ ਚਾਹੀਦੇ ਹਨ।ਸਾਜ ਸੰਗੀਤ ਅਧਿਆਪਕ ਵੱਲੋ ਵੀ ਵਜਾਇਅ ਜਾ ਸਕਦਾ ਹੈ। ਪ੍ਰਤੀਯੋਗਿਤਾ ਕਰਵਾਉਣ ਵਾਲੇ ਵੱਲੋ ਹੀ ਤਬਲਾ, ਡੋਲ, ਡੋਲਕ, ਨਾਲ, ਹਾਰਮੋਨਿਅਮ, ਕੀਬੋਰਡ ਵਾਦਕ ਦਿੱਤਾ ਜਾਵੇਗਾ। |
| 2 | SoloMusic Intrumental | 2 ਵਿਦਿਆਰਥੀ (1 ਕੁੜੀ ਅਤੇ 1 ਮੁੰਡਾ) | 4-6 ਮਿੰਟ ਪ੍ਰਦਰਸ਼ਨ ਅਤੇ ਤਕਨੀਕੀ ਸੈਟਿੰਗ ਲਈ 5 ਮਿਨਟ ਦਿੱਤੇ ਜਾਣਗੇ | ਸੰਗੀਤ ਦਾ ਪ੍ਰਦਸ਼ਰਨ ਕਿਸੇ ਵੀ ਸ਼ੈਲੀ ਵਿੱਚ ਕੀਤਾ ਜਾ ਸਕਦਾ ਹੈ ਜਿਵੇ ਕਿ Traditional /Classical /folk /Contemperary. SoloMusic Intrumental ਵਿੱਚ ਪ੍ਰਤੀਯੋਗੀ ਵੱਲੋ ਤਬਲਾ,ਮ੍ਰਿਦੰਗਮ,ਸਿਤਾਰ,ਸਰੋਦ, ਬਾਂਸਰੀ,ਗਿਟਾਰ, ਵਾਈਲਨ , ਵੀਣਾ, ਸੰਤੂਰ, ਸ਼ਹਿਨਾਈ, ਆਦਿ ਵਜਾਇਆ ਜਾ ਸਕਦਾ ਹੈ। Oraganiser of the competition will provide a accompanists such as Tabla, Dholak, Dhol, Naal, Harmonium,Keyboard. |
| 3 | Solo Dance | 2 ਵਿਦਿਆਰਥੀ (1 ਕੁੜੀ ਅਤੇ 1 ਮੁੰਡਾ) | 4-6 ਮਿੰਟ ਪ੍ਰਦਰਸ਼ਨ ਅਤੇ ਤਕਨੀਕੀ ਸੈਟਿੰਗ ਲਈ 5 ਮਿਨਟ ਦਿੱਤੇ ਜਾਣਗੇ | ਡਾਂਸ ਲਈ ਸੰਗੀਤ ਗਕਫਰਗਦਕਦ ਅਤੇ ਲਾਈਵ ਦੋਵੇਂ ਹੋ ਸਕਦੇ ਹਨ।ਪ੍ਰਤੀਯੋਗਿਤਾ ਕਰਵਾਉਣ ਵਾਲੇ ਵੱਲੋ ਹੀ ਤਬਲਾ, ਡੋਲ, ਡੋਲਕ, ਨਾਲ, ਹਾਰਮੋਨਿਅਮ, ਕੀਬੋਰਡ ਵਾਦਕ ਦਿੱਤਾ ਜਾਵੇਗਾ। Costume ਅਤੇ Make-up Simple, Authentic and Thematic ਹੋਣੀ ਚਾਹਦੀ ਹੈ। Oraganiser of the competition will provide a accompanists such as Tabla, Dholak, Dhol, Naal, Harmonium,Keyboard. |
| 4 | Solo Painting | 2 ਵਿਦਿਆਰਥੀ (1 ਕੁੜੀ ਅਤੇ 1 ਮੁੰਡਾ) | - | ਪੇਟਿੰਗ ਦਾ ਮਾਧਿਅਮ (Water colours, Caryans, Pencils, etc. ) ਹੋਵੇਗਾ।ਪ੍ਰਤੀਯੋਗੀ ਵੱਲੋ ਇਕ ਹੀ ਪੇਟਿੰਗ ਜਮ੍ਹਾ ਕਰਵਾਈ ਜਾਵੇਗੀ।ਪ੍ਰਤੀਯੋਗੀ ਨੂੰ ਪ੍ਰਤੀਯੋਗਤਾ ਦੋਰਾਨ ਪੇਟਿੰਗ ਕਰਨ ਲਈ ਕਿਹਾ ਜਾਵੇਗਾ।ਉਨਾਂ ਵੱਲੋ ਪੇਟਿੰਗ ਕਲਰ ਸਬੰਧੀ ਮਟੀਰੀਅਲ ਨਹੀ ਲਿਆਇਆ ਜਾਵੇ ।ਕੇਵਲ ਬ੍ਰਸ਼ ਜਰੂਰੀ ਸਮਾਨ ਹੀ ਪੇਟਿੰਗ ਲਈ ਲਿਅਇਆ ਜਾਵੇਗਾ।ਪੇਟਿੰਗ ਦੀ ਲੰਬਾਈ ਕੇਲ 3ft x 3ft ਹੋਣੀ ਚਾਹੀਦੀ ਹੈ।ਪ੍ਰਤੀਯੋਗੀ ਨੂੰ ਪੇਟਿੰਗ ਦੀ theme ਅਤੇ Content ਬਾਰੇ ਪੁੱਛਿਆ ਜਾਵੇਗਾ।ਹਰੇਕ ਟੀਮ ਨੂੰ ਆਪਣੀ ਪੇਟਿੰਗ ਦਾ ਪ੍ਰਦਰਸ਼ਨ ਕਰਨ ਲਈ 8ft x 8ft |